ਵਾਪਸ ਆ ਰਹੇ ਮੈਂਬਰਾਂ ਲਈ ਜ਼ਰੂਰੀ ਜਾਣਕਾਰੀ

# ਮਿਊਨਿਸਪਲ ਪੈਨਸ਼ਨ ਪਲੈਨ– ਜ਼ਿੰਦਗੀ ਲਈ ਤਨਖਾਹ



## ਮਿਊਨਿਸਪਲ ਪੈਨਸ਼ਨ ਪਲੈਨ–ਜ਼ਿੰਦਗੀ ਲਈ ਤਨਖਾਹ



ਮਿਊਨਿਸਪਲ ਪੈਨਸ਼ਨ ਪਲੈਨ (ਐੱਮ ਪੀ ਪੀ) ਵਿਚ ਸ਼ਾਮਲ ਹੋਣਾ ਤੁਹਾਡੀ ਕੰਮ *ਕਰਨ ਦੀ ਜ਼ਿੰਦਗੀ ਤੋਂ ਇਕ ਸਭ ਤੋਂ ਕੀਮਤੀ ਸੰਪਤੀ ਹੋ ਸਕਦੀ ਹੈ, ਤੁਹਾਡੇ ਵਲੋਂ ਕਮਾਈਆਂ ਜਾਂਦੀਆਂ ਤਨਖਾਹਾਂ ਤੋਂ ਦੂਜੇ ਨੰਬਰ 'ਤੇ।*

## ਮਿਊਨਿਸਪਲ ਪੈਨਸ਼ਨ ਪਲੈਨ ਕੀ ਹੈ?

ਮਿਊਨਿਸਪਲ ਪੈਨਸ਼ਨ ਪਲੈਨ ਇਕ ਰਿਟਾਇਰਮੈਂਟ ਸੇਵਿੰਗਜ਼ ਪਲੈਨ ਹੈ ਜਿਸ ਵਿਚ ਤੁਹਾਡੇ ਕੰਮ ਕਰਨ ਵੇਲੇ ਤੁਸੀਂ ਅਤੇ ਤੁਹਾਡਾ ਇਮਪਲੌਏਅਰ ਦੋਨੋਂ ਯੋਗਦਾਨ ਪਾਉਂਦੇ ਹੋ। ਤੁਹਾਡੇ ਰਿਟਾਇਰ ਹੋ ਜਾਣ ਤੋਂ ਬਾਅਦ, ਇਹ ਤੁਹਾਨੂੰ ਮਹੀਨੇ ਬਾਅਦ ਮਿਲਣ ਵਾਲੀ ਇਕ ਪੇਮੈਂਟ ਦੀ ਗਾਰੰਟੀ ਕਰਦੀ ਹੈ ਜਿਸ ਉੱਪਰ ਤੁਸੀਂ ਨਿਰਭਰ ਕਰ ਸਕਦੇ ਹੋ।

## ਮਿਊਨਿਸਪਲ ਪੈਨਸ਼ਨ ਪਲੈਨ ਇੰਨੀ ਲਾਹੇਵੰਦ ਕਿਉਂ ਹੈ?

- ਤੁਸੀਂ ਇਹ ਜਾਣੋਗੇ ਕਿ ਕਿ ਤੁਹਾਡੀ ਰਿਟਾਇਰਮੈਂਟ ਦੀ ਆਮਦਨ ਕਿੰਨੀ ਹੋਵੇਗੀ।
- ਪੈਨਸ਼ਨ ਦੀ ਤੁਹਾਡੀ ਜ਼ਿੰਦਗੀ ਭਰ ਲਈ ਗਾਰੰਟੀ ਹੈ, ਅਤੇ ਤੁਸੀਂ ਆਪਣੇ ਜੀਵਨ ਸਾਥੀ ਲਈ ਪੇਮੈਂਟ ਦੀ ਚੋਣ ਕਰ ਸਕਦੇ ਹੋ।
- ਇਹ ਸੁਰੱਖਿਅਤ ਅਤੇ ਚਿੰਤਾ-ਮੁਕਤ ਹੈ। ਤੁਹਾਨੂੰ ਇਸ ਸੰਪਤੀ ਨੂੰ ਕੰਟਰੋਲ ਕਰਨ ਜਾਂ ਮਾਰਕੀਟ ਵਿਚਲੇ ਖਤਰੇ ਬਾਰੇ ਫਿਕਰ ਕਰਨ ਦੀ ਲੋੜ ਨਹੀਂ ਹੈ।

## ਮਿਊਨਿਸਪਲ ਪੈਨਸ਼ਨ ਪਲੈਨ ਇਹ ਦਿੰਦੀ ਹੈ:

- ਜ਼ਿੰਦਗੀ ਭਰ ਲਈ ਪੈਨਸ਼ਨ ਦੀ ਇਕ ਮੁਢਲੀ ਰਕਮ ਦੀ ਗਾਰੰਟੀ।
- ਹੈਲਥ ਅਤੇ ਡੈਂਟਲ ਦੇ ਜ਼ਿਆਦਾ ਬੈਨੇਫਿਟਸ ਤੱਕ ਪਹੁੰਚ।

ਪਰਤੋ >

## ਸੀ ਪੀ ਪੀ, ਓ ਏ ਐੱਸ ਅਤੇ ਜੀ ਆਈ ਐੱਸ ਬਾਰੇ ਕੀ ਕਹਿਣਾ ਹੈ?

ਕੈਨੇਡਾ ਪੈਨਸ਼ਨ ਪਲੈਨ (ਸੀ ਪੀ ਪੀ) ਤੁਹਾਡੀ ਰਿਟਾਇਰਮੈਂਟ ਦੀ ਆਮਦਨ ਦੀ ਬੁਨਿਆਦ ਬਣ ਸਕਦੀ ਹੈ ਪਰ ਇਸ ਦੇ ਕਾਫੀ ਹੋਣ ਦੀ ਸੰਭਾਵਨਾ ਨਹੀਂ ਹੈ। ਸੀ ਪੀ ਪੀ ਕੀਤੇ ਗਏ ਕੰਮ ਦੇ ਸਾਲਾਂ ਅਤੇ ਕੀਤੀ ਗਈ ਕਮਾਈ 'ਤੇ ਆਧਾਰਿਤ ਹੈ। ਸੀ ਪੀ ਪੀ ਉੱਪਰ ਬਹੁਤ ਜ਼ਿਆਦਾ ਨਿਰਭਰ ਕਰਨਾ, ਰਿਟਾਇਰਮੈਂਟ ਵਿਚ ਤੁਹਾਡੇ ਰਹਿਣ ਦੇ ਸਟੈਂਡਰਡ ਨੂੰ ਖਤਰੇ ਵਿਚ ਪਾ ਸਕਦਾ ਹੈ।

ਓਲਡ ਏਜ ਸਕਿਉਰਟੀ (ਓ ਏ ਐੱਸ) ਅਤੇ ਗੁਰਾਂਟਿਡ ਇਨਕਮ ਸਪਲੀਮੈਂਟ, 18 ਸਾਲ ਦੀ ਉਮਰ ਬਾਅਦ ਕੈਨੇਡੀਅਨ ਰਿਹਾਇਸ਼ ਦੇ 40 ਸਾਲਾਂ ਉੱਪਰ ਨਿਰਭਰ ਹਨ। ਫੈਡਰਲ ਸਰਕਾਰ ਦੇ ਕੁਝ ਦੇਸ਼ਾਂ ਨਾਲ ਖਾਸ ਐਗਰੀਮੈਂਟ ਹਨ ਜਿਹੜੇ ਤੁਹਾਡੀ ਓ ਏ ਐੱਸ ਵਧਾਉਣ ਵਿਚ ਮਦਦ ਕਰ ਸਕਦੇ ਹਨ, ਪਰ ਐੱਚ ਈ ਯੂ ਦੇ ਕੁਝ ਮੈਂਬਰ ਓ ਏ ਐੱਸ ਦੀ ਪੂਰੀ ਮਾਤਰਾ ਲੈਣ ਦੇ ਯੋਗ ਨਹੀਂ ਹੋਣਗੇ।



**ਸਵਾਲ ਹਨ?** ਐੱਚ ਈ ਯੂ ਮਦਦ ਕਰਨ ਲਈ ਹੈ।
ਪੈਨਸ਼ਨ ਨਾਲ ਸੰਬੰਧਿਤ ਆਪਣੇ ਸਵਾਲਾਂ ਲਈ 1-877-476-7184 'ਤੇ ਫੋਨ ਕਰੋ ਜਾਂ plandesign@heu.org 'ਤੇ ਈਮੇਲ ਕਰੋ। ਤੁਸੀਂ ਐੱਮ ਪੀ ਪੀ ਦੇ ਸਟਾਫ ਨੂੰ 1-800-668-6335 'ਤੇ ਸਿੱਧਾ ਵੀ ਫੋਨ ਕਰ ਸਕਦੇ ਹੋ।



## ਪੈਨਸ਼ਨ ਇਸ ਤਰ੍ਹਾਂ ਕੰਮ ਕਰਦੀ ਹੈ:

ਰਿਟਾਇਰਮੈਂਟ ਤੋਂ ਬਾਅਦ, ਐੱਮ ਪੀ ਪੀ ਤੁਹਾਡੇ ਭੁਗਤਾਨ ਕੀਤੇ ਜਾਣ ਵਾਲੇ ਕੁੱਲ ਸਮੇਂ (ਪੈਨਸ਼ਨਯੋਗ ਸਰਵਿਸ) ਦੀ ਵਰਤੋਂ ਕਰਦੇ ਹੋਏ ਇਕ ਫਾਰਮੂਲੇ ਦੇ ਆਧਾਰ ’ਤੇ *ਮਹੀਨਾਵਾਰ ਆਮਦਨ ਦੀ ਗਾਰੰਟੀ* ਦਿੰਦੀ ਹੈ, ਜੋ ਕਿ ਤੁਹਾਡੇ ਸਭ ਤੋਂ ਜ਼ਿਆਦਾ ਕਮਾਈ ਵਾਲੇ ਪੰਜ ਸਾਲਾਂ ਦੀ ਔਸਤ ਅਤੇ ਪ੍ਰਤੀਸ਼ਤ ਨੰਬਰ (1.9%) ਦੀ ਔਸਤ ਹੁੰਦੀ ਹੈ। ਤੁਸੀਂ ਪਲੈਨ ਵਿਚ ਜਿੰਨਾ ਛੇਤੀ ਸ਼ਾਮਲ ਹੋਵੋਗੇ, ਓਨਾ ਜ਼ਿਆਦਾ ਹੀ ਤੁਸੀਂ ਰਿਟਾਇਰਮੈਂਟ ਦੀ ਆਮਦਨ ਵਧਾ ਸਕਦੇ ਹੋ ਜਿਸ ’ਤੇ ਤੁਸੀਂ ਅਤੇ ਤੁਹਾਡਾ ਪਰਿਵਾਰ ਭਵਿੱਖ ਵਿਚ ਨਿਰਭਰ ਕਰੋਗੇ।

ਤਨਖਾਹ ਦੀ ਹਰ ਚੈੱਕ ਨਾਲ ਤੁਸੀਂ *ਅਤੇ ਤੁਹਾਡਾ ਇਮਪਲੌਏਅਰ* ਪਲੈਨ ਵਿਚ ਯੋਗਦਾਨ ਪਾਉਂਦੇ ਹੋ। ਤੁਹਾਡੇ ਯੋਗਦਾਨ ਦੀ ਰਕਮ (ਕੰਟਰੀਬਿਊਸ਼ਨ) 8.61% ਹੈ, ਅਤੇ ਤੁਹਾਡੇ ਇਮਪਲੌਏਅਰ ਦਾ ਯੋਗਦਾਨ 8.71% ਹੈ। ਇਸ ਦਾ ਮਤਲਬ ਇਹ ਹੈ ਕਿ ਤੁਹਾਡੀ ਤਨਖਾਹ ਵਿੱਚੋਂ ਪੈਨਸ਼ਨ ਲਈ ਮਾਮੂਲੀ ਕਟੌਤੀ ਹੋਵੇਗੀ, ਪਰ ਰਿਟਾਇਰ ਹੋਣ ’ਤੇ ਤੁਹਾਨੂੰ ਪੱਕੀ ਅਤੇ ਸੁਰੱਖਿਅਤ ਪੈਨਸ਼ਨ ਮਿਲੇਗੀ। ਐੱਮ ਪੀ ਪੀ ਵਿਚ ਸ਼ਾਮਲ ਹੋਣ ਦਾ ਹੁਣ ਇਹ ਇਕ ਬਹੁਤ ਵਧੀਆ ਸਮਾਂ ਹੈ ਕਿਉਂਕਿ ਤੁਹਾਡੀ ਘੰਟੇ ਦੀ ਤਨਖਾਹ (ਅਤੇ ਤਨਖਾਹ ਦੀ ਚੈੱਕ) ਹੈਲਥ ਅਥਾਰਟੀ ਦੇ ਮੁਲਾਜ਼ਮ ਵਜੋਂ ਵਧ ਜਾਵੇਗੀ।



## ਕੌਨਟਰੈਕਟ ਆਊਟ ਕੀਤੇ ਜਾਣ ਤੋਂ ਪਹਿਲਾਂ ਜਾਂ ਕਿਸੇ ਹੋਰ ਜੌਬ ’ਤੇ ਜੇ ਮੈਂ ਐੱਮ ਪੀ ਪੀ ਦਾ ਹਿੱਸਾ ਹੋਵਾਂ ਤਾਂ ਫਿਰ ਕੀ ਹੋਵੇਗਾ?

ਇਕ ਵਾਰੀ ਮੈਂਬਰ, ਸਦਾ ਲਈ ਮੈਂਬਰ। ਜੇ ਤੁਸੀਂ ਪਹਿਲਾਂ ਐੱਮ ਪੀ ਪੀ ਵਿਚ ਯੋਗਦਾਨ ਪਾਇਆ ਹੈ ਤਾਂ ਤੁਸੀਂ ਓਸੇ ਪੈਨਸ਼ਨ ਨੂੰ ਵਧਾਉਣਾ ਜਾਰੀ ਰੱਖੋਗੇ।

## ਕੀ ਮੈਂ ਮਿਊਨਿਸਪਲ ਪੈਨਸ਼ਨ ਪਲੈਨ ਵਿਚ ਸ਼ਾਮਲ ਹੋ ਸਕਦੀ/ਸਕਦਾ ਹਾਂ?

ਹਾਂ! ਕੰਮ ਦੀ ਹਰ ਕਿਸਮ ਲਈ ਨਿਯਮ ਇਹ ਹਨ।

### ਰੈਗੂਲਰ ਫੁੱਲ-ਟਾਈਮ ਮੁਲਾਜ਼ਮ:

ਤੁਸੀਂ ਮਿਊਨਿਸਪਲ ਪੈਨਸ਼ਨ ਪਲੈਨ ਵਿਚ ਸ਼ਾਮਲ ਹੋ।

### ਰੈਗੂਲਰ ਪਾਰਟ-ਟਾਈਮ ਮੁਲਾਜ਼ਮ:

ਜੇ ਤੁਸੀਂ ਇਸ ਵੇਲੇ ਕਿਸੇ ਹੋਰ ਇਮਪਲੌਏਅਰ ਰਾਹੀਂ ਪਲੈਨ ਵਿਚ ਨਹੀਂ ਹੋ ਤਾਂ ਤੁਹਾਡੇ ਕੋਲ ਸ਼ਾਮਲ ਹੋਣ ਦੀ ਚੋਣ ਹੈ। **ਐੱਚ ਈ ਯੂ ਪੁਰਜ਼ੋਰ ਸਲਾਹ ਦਿੰਦੀ ਹੈ ਕਿ ਤੁਸੀਂ ਪੈਨਸ਼ਨ ਪਲੈਨ ਵਿਚ ਸ਼ਾਮਲ ਹੋਵੋ।** ਜੇ ਤੁਸੀਂ ਇਸ ਵੇਲੇ ਰਿਟਾਇਰਮੈਂਟ ਦੇ ਨੇੜੇ ਨਹੀਂ ਹੋ ਤਾਂ ਪਲੈਨ ਵਿਚ ਸ਼ਾਮਲ ਹੋਣ ਨਾਲ ਤੁਹਾਡੀ ਰਿਟਾਇਰਮੈਂਟ ਦੀ ਆਮਦਨ ਵਿਚ ਸੁਧਾਰ ਹੋਵੇਗਾ।

*ਜੇ ਤੁਸੀਂ ਪਾਰਟ-ਟਾਈਮ ਕੰਮ ਕਰਦੇ ਹੋ ਅਤੇ ਤੁਹਾਨੂੰ ਇਹ ਪੱਕਾ ਪਤਾ ਨਹੀਂ ਹੈ ਕਿ ਕੀ ਤੁਹਾਨੂੰ ਮਿਊਨਿਸਪਲ ਪੈਨਸ਼ਨ ਪਲੈਨ ਲਈ ਸਾਈਨ ਅੱਪ ਕਰਨਾ ਚਾਹੀਦਾ ਹੈ ਜਾਂ ਨਹੀਂ ਤਾਂ ਕਿਰਪਾ ਕਰਕੇ ਹੋਰ ਜਾਣਨ ਲਈ ਸਾਡੀ ਹੌਟਲਾਈਨ ਨੂੰ 1-877-476-7184* ’ਤੇ ਫੋਨ ਕਰੋ ਜਾਂ *plandesign@heu.org* ’ਤੇ ਈਮੇਲ ਕਰੋ।



ਆਪਣੀ ਪੈਨਸ਼ਨ, ਹੋਰ ਬੈਨੇਫਿਟਸ ਬਾਰੇ ਅਤੇ ਆਪਣੀ ਪੈਨਸ਼ਨ ਪਲੈਨ ਬਾਰੇ ਜ਼ੂਮ ’ਤੇ ਜਾਣਕਾਰੀ ਦੇਣ ਵਾਲੇ ਆ ਰਹੇ ਸੈਸ਼ਨਾਂ ਬਾਰੇ **ਜ਼ਿਆਦਾ ਜਾਣਨ ਲਈ** ਇੱਥੇ ਜਾਓ: www.heu.org/cssw-return